**ASSIGNMENT-1**

**ਜਮਾਤ - VII** **ਅਧਿਆਇ-1 ( ਸੰਪੂਰਨ ਸੰਖਿਆਵਾਂ)**

1. **ਪ੍ਰਾਕ੍ਰਿਤਕ ਸੰਖਿਆਵਾਂ (Natural Numbers):-** ਸੰਖਿਆਵਾਂ 1,2,3,4,......... ਜਿਹਨਾਂ ਦੀ ਵਰਤੋਂ ਅਸੀਂ ਗਿਣਤੀ ਕਰਨ ਲਈ ਕਰਦੇ ਹਾਂ, ਉਹਨਾਂ ਨੂੰ ਗਿਣਤੀ ਕਰਨ ਵਾਲੀਆਂ ਸੰਖਿਆਵਾਂ (Counting Nunmbers) ਜਾਂ ਪ੍ਰਾਕ੍ਰਿਤਕ ਸੰਖਿਆਵਾਂ (Natural Numbers) ਆਖਿਆ ਜਾਂਦਾ ਹੈ।

**Q1.** ਕੀ ਪ੍ਰਾਕ੍ਰਿਤਕ ਸੰਖਿਆਵਾਂ ਤੋਂ ਸਾਨੂੰ ਜਿਸਤ. ਟਾਂਕ, ਭਾਜ, ਅਭਾਜ ਸੰਖਿਆਵਾਂ ਬਾਰੇ ਜਾਣਕਾਰੀ ਮਿਲਦੀ ਹੈ?

2. **ਸੰਪੂਰਨ ਸੰਖਿਆਵਾਂ (Integers)** :- ਉਹ ਸੰਖਿਆਵਾਂ ਜਿਨ੍ਹਾਂ ਵਿੱਚ ਪ੍ਰਾਕ੍ਰਿਤਕ ਸੰਖਿਆਵਾਂ ਦੀਆਂ ਰਿਣਾਤਮਕ ਸੰਖਿਆਵਾਂ ਅਤੇ ਸਿਫਰ ਸ਼ਾਮਿਲ ਹੋਵੇ, ਉਹਨਾਂ ਸੰਖਿਆਵਾਂ ਨੂੰ ਸੰਪੂਰਨ ਸੰਖਿਆਵਾਂ ਆਖਦੇ ਹਾਂ।

.............., -3, -2, -1, 0, 1, 2, 3, ............

Q2. ਜੇਕਰ ਰੀਨਾ ਨੂੰ 10 ਰੁ: ਦਾ ਫਾਇਦਾ ਹੋਇਆ, ਇਸ ਦਾ ਗਣਿਤਕ ਰੂਪ +10 ਹੈ। ਸੰਜੀਵ ਦੀ ਕਮੀਜ ਦੇ ਦੋ ਬਟਨ ਟੁੱਟ ਗਏ ਇਸ ਦਾ ਗਣਿਤਕ ਰੂਪ ਕੀ ਹੋਵੇਗਾ?

3. **ਸੰਖਿਆ ਰੇਖਾ :** ਸੰਖਿਆ ਰੇਖਾ ਤੇ ਸਿਫਰ ਤੋਂ ਸੱਜੇ ਪਾਸੇ ਧਨਾਤਮਕ ਅਤੇ ਖੱਬੇ ਪਾਸੇ ਰਿਣਾਤਮਕ ਸੰਖਿਆਵਾਂ ਆਉਂਦੀਆ ਹਨ।

Q3. ਸੰਪੂਰਨ ਸੰਖਿਆਵਾਂ ਨੂੰ ਦਰਸਾਉਂਦੀ ਹੋਈ ਇੱਕ ਸੰਖਿਆ ਰੇਕਾ ਹੇਠਾਂ ਦਿੱਤੀ ਗਈ ਹੈ।




-6 ਅਤੇ -5 ਨੂੰ ਕ੍ਰਮਵਾਰ ਬਿੰਦੂ C ਅਤੇ D ਤੇ ਦਰਸਾਇਆ ਗਿਆ ਹੈ। B, F, G ਤੇ ਕਿਹੜੀਆਂ ਸੰਪੁਰਨ ਸੰਖਿਅਵਾਂ ਦਰਸਾਈਆਂ ਜਾਣਗੀਆਂ?

Q4. a ਅਤੇ b ਦੇ ਹੇਠਾਂ ਦਿੱਤੇ ਗਏ ਮੁੱਲਾਂ ਵਾਸਤੇ a- (-b) = a+ b ਦੀ ਸੱਚਾਈ ਦੀ ਜਾਂਚ ਕਰੋ। ਜੇਕਰ a = 9, b = 21

Q5. ਹੇਠਾਂ ਦਿੱਤੇ ਗਏ ਜਾਦੂਈ ਵਰਗ ਵਿੱਚ ਲੇਟਵੇਂ ਦਾਅ (Row) ਖਾਨੇ, ਖੜ੍ਹੇ ਦਾਅ (Column) ਖਾਨੇ ਅਤੇ ਟੇਡੇ ਖਾਨੇ ( Diagonally) ਦੀਆ ਸੰਖਿਆਵਾਂ ਦਾ ਜੋੜ ਸਮਾਨ ਹੈ। ਹੇਠਾਂ ਦਿੱਤੇ ਜਾਦੂਈ ਵਰਗ ਨੂੰ ਪੂਰਾ ਕਰੋ।

| | | |
|---|---|---|
| 1 | −10 | 0 |
| −4 | −3 | −2 |
| −6 | 4 | −7 |

| | | |
|---|---|---|
| −1 | 6 | −5 |
| −4 | 0 | 4 |
| | −6 | |